# ਸੜਕ ਸੁਰੱਖਿਆ



## ਆਪਣੇ ਬੱਚੇ ਨੂੰ ਸਕੂਲ ਲਿਜਾਣ ਅਤੇ ਲਿਆਉਣ ਅਤੇ ਜਾਣ ਵੇਲੇ ਸੁਰੱਖਿਅਤ ਰੱਖਣਾ

ਇੱਥੇ ਕੁੱਝ ਸੁਝਾਅ ਦਿੱਤੇ ਗਏ ਹਨ ਜੋ ਸਕੂਲੀ ਦਿਨ ਦੀ ਸ਼ੁਰੂਆਤ ਅਤੇ ਸਮਾਪਤੀ ‘ਤੇ ਤੁਹਾਡੇ ਬੱਚੇ ਅਤੇ ਦੂਜਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਸਹਾਇਕ ਹੋ ਸਕਦੇ ਹਨ:

- ਯਕੀਨੀ ਬਣਾਓ ਕਿ ਤੁਹਾਡਾ ਬੱਚਾ ਉਸਦੀ ਉਮਰ ਅਤੇ ਕੱਦ ਅਨੁਸਾਰ ਬੱਚਿਆਂ ਲਈ ਬਣੀ ਕਾਰ ਸੀਟ ਵਿੱਚ ਬੈਲਟ ਨਾਲ ਬੈਠਿਆ ਹੋਇਆ ਹੈ। ਇਹ ਸੀਟ ਗੱਡੀ ਵਿੱਚ ਵੀ ਸਹੀ ਢੰਗ ਨਾਲ ਲੱਗੀ ਹੋਣੀ ਚਾਹੀਦੀ ਹੈ।
- ਸਕੂਲ ਜ਼ੋਨਾਂ ਵਿੱਚ 40km/h ਦੀ ਗਤੀ ਸੀਮਾ ਤੋਂ ਹੇਠਾਂ ਰਹੋ ਅਤੇ ਉਹਨਾਂ ਬੱਚਿਆਂ ‘ਤੇ ਨਜ਼ਰ ਰੱਖੋ ਜੋ ਆਲੇ-ਦੁਆਲੇ ਹੋ ਸਕਦੇ ਹਨ।
- ਬੱਸਾਂ ‘ਤੇ ਜਗ-ਬੁੱਝ ਰਹੀਆਂ ਲਾਈਟਾਂ ਪ੍ਰਤੀ ਧਿਆਨ ਦਿਓ। ਇਹ ਤੁਹਾਨੂੰ ਦੱਸਦੀਆਂ ਹਨ ਕਿ ਬੱਸ ਉਹਨਾਂ ਬੱਚਿਆਂ ਨੂੰ ਚੜ੍ਹਾਅ ਜਾਂ ਉਤਾਰ ਰਹੀ ਹੈ ਜੋ ਸੜਕ ਪਾਰ ਕਰ ਰਹੇ ਹੋ ਸਕਦੇ ਹਨ ਜਾਂ ਪਾਰ ਕਰਨ ਵਾਲੇ ਹੋ ਸਕਦੇ ਹਨ। ਜਦੋਂ ਬੱਸ ਦੀਆਂ ਲਾਈਟਾਂ ਜਗ-ਬੁੱਝ ਰਹੀਆਂ ਹੋਣ, ਤਾਂ ਤੁਹਾਨੂੰ 40 ਕਿਮੀ/ਘੰਟਾ ਦੀ ਰਫ਼ਤਾਰ ‘ਤੇ ਹੌਲੀ ਹੋ ਜਾਣਾ ਚਾਹੀਦਾ ਹੈ, ਜੇਕਰ ਕੋਈ ਹੋਰ ਘੱਟ ਗਤੀ ਸੀਮਾ ਲਾਗੂ ਨਹੀਂ ਹੈ।
- ਹਮੇਸ਼ਾ ਪੈਦਲ ਯਾਤਰੀਆਂ ਨੂੰ ਰਾਹ ਦਿਓ, ਖ਼ਾਸਕਰ ਜਦੋਂ ਤੁਸੀਂ ਡਰਾਈਵਵੇਅ ਵਿੱਚ ਦਾਖ਼ਲ ਹੁੰਦੇ ਜਾਂ ਬਾਹਰ ਨਿੱਕਲਦੇ ਹੋ।
- ਹੌਲੀ ਹੋ ਜਾਵੋ ਅਤੇ ਸਕੂਲ ਦੇ ਆਲੇ-ਦੁਆਲੇ ਕਿਸੇ ਵੀ ਸੜਕ ਪਾਰ ਕਰਨ ਵਾਲੇ ਸਥਾਨ (ਕ੍ਰਾਸਿੰਗ) ਦੇ ਨੇੜੇ ਰੁਕਣ ਲਈ ਤਿਆਰ ਰਹੋ। ਨਿਗਰਾਨੀ ਵਾਲੀ ਕ੍ਰਾਸਿੰਗ ‘ਤੇ, ਸਕੂਲ ਕ੍ਰਾਸਿੰਗ ਸੁਪਰਵਾਈਜ਼ਰ ਦੇ ਨਿਰਦੇਸ਼ਾਂ ਦੀ ਪਾਲਣਾ ਕਰੋ।
- ਸਕੂਲਾਂ ਦੇ ਆਲੇ-ਦੁਆਲੇ ਹਮੇਸ਼ਾ ਗੱਡੀ ਨੂੰ ਕਾਨੂੰਨੀ ਤਰੀਕੇ ਨਾਲ ਪਾਰਕ ਕਰੋ ਅਤੇ ਮੋੜੋ। ਭਾਰੀ ਭੀੜ ਵਾਲੇ ਸਕੂਲ ਛੱਡਣ ਅਤੇ ਲਿਆਉਣ ਵਾਲੇ ਸਮਿਆਂ ਦੌਰਾਨ ਯੂ-ਟਰਨ ਅਤੇ ਥ੍ਰੀ-ਪੁਆਇੰਟ ਮੋੜ ਵਰਗੇ ਤਰੀਕੇ ਖ਼ਤਰਨਾਕ ਹੁੰਦੇ ਹਨ।
- ਤੁਸੀਂ ਆਪਣੇ ਬੱਚੇ ਨੂੰ ਸੜਕ ਦੇ ਸਕੂਲ ਵਾਲੇ ਪਾਸੇ ਹੀ ਛੱਡੋ ਅਤੇ ਚੁੱਕੋ। ਉਹਨਾਂ ਨੂੰ ਸੜਕ ਪਾਰ ਤੋਂ ਬੁਲਾਉਣਾ ਖ਼ਤਰਨਾਕ ਹੈ - ਉਹ ਆਵਾਜਾਈ ਨੂੰ ਦੇਖੇ ਬਿਨਾਂ ਤੁਹਾਡੇ ਵੱਲ ਨੂੰ ਭੱਜ ਸਕਦੇ ਹਨ।
- ਹਮੇਸ਼ਾ ਆਪਣੇ ਬੱਚੇ ਨੂੰ ‘ਸੇਫ਼ਟੀ ਡੋਰ’ ਰਾਹੀਂ ਵਾਹਨ ਵਿੱਚ ਚੜ੍ਹਣ ਅਤੇ ਉਤਰਨ ਵਿੱਚ ਮੱਦਦ ਕਰੋ। ‘ਸੇਫ਼ਟੀ ਡੋਰ’ ਵਾਹਨ ਦਾ ਪਿੱਛਲਾ ਫੁੱਟਪਾਥ ਵੱਲ ਖੁੱਲ੍ਹਣ ਵਾਲਾ ਦਰਵਾਜ਼ਾ ਹੁੰਦਾ ਹੈ। ਇਹ ਲੰਘ ਰਹੀ ਟ੍ਰੈਫ਼ਿਕ ਤੋਂ ਦੂਰ ਹੁੰਦਾ ਹੈ ਅਤੇ ਤੁਹਾਡੇ ਬੱਚੇ ਲਈ ਸਭ ਤੋਂ ਸੁਰੱਖਿਅਤ ਹੁੰਦਾ ਹੈ।

ਬੱਚਿਆਂ ਨੂੰ ਸੜਕ ਦੇ ਮਾਹੌਲ ਵਿੱਚ ਸੁਰੱਖਿਅਤ ਰੱਖਣ ਬਾਰੇ ਵਧੇਰੇ ਜਾਣਕਾਰੀ ਲਈ, **safetytown.com.au** ‘ਤੇ ਪਰਿਵਾਰ ਸੈਕਸ਼ਨ ‘ਤੇ ਜਾਓ।

ਸਟਾਕ ਕੋਡ 45095290 ਜੂਨ 2024 © Transport for NSW

NSW GOVERNMENT

NSW ਦੀਆਂ ਸੜਕਾਂ ‘ਤੇ ਬਹੁਤ ਸਾਰੀਆਂ ਜਾਨਾਂ ਗਈਆਂ ਹਨ।
**ਸਾਡਾ ਟੀਚਾ ਜ਼ੀਰੋ ਹੈ।**

TOWARDS ZERO